ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਜਿਵੇਂ ਕਿ ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ, ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ ਨੂੰ ਸਰਕਾਰ ਦੇ ਪੱਤਰ ਨੰ: 5/19/2012-5ਸਿੰ:ਪ੍ਰੰ:2/239772/1-2, ਮਿਤੀ 09.06.2014 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮ 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸ਼ਾਂ ਕਾਰਨ ਦੋਸ ਸੂਚੀ ਜਾਰੀ ਕੀਤੀ ਗਈ ਸੀ:-

> ਆਪ ਜਦੋਂ ਸੁਪਰਡੰਟ ਗਰੇਡ-1 (ਰਜਿਸਟਰਾਰ ਦੇਖਭਾਲ ਚਾਰਜ) ਤੈਨਾਤ ਸੀ ਤਾਂ ਆਪ ਦੀ ਪੱਦ ਉਨਤੀ ਬਤੌਰ ਰਜਿਸਟਰਾਰ ਕਰਨ ਸਮੇਂ ਆਪ ਵਿਰੁੱਧ ਕਿਸੇ ਪ੍ਰਕਾਰ ਦਾ ਕੇਸ ਚੱਲ ਰਹੇ ਹੋਣ ਸਬੰਧੀ ਰਿਪੋਰਟ ਮੁੱਖ ਇੰਜੀਨੀਅਰ/ਨਹਿਰਾਂ ਤੋਂ ਮੰਗੀ ਗਈ । ਮੁੱਖ ਇੰਜੀਨੀਅਰ/ਨਹਿਰਾਂ ਦੇ ਦਫਤਰ ਦੇ ਸਬੰਧਤ ਸਹਾਇਕ ਵੱਲੋ ਨੋਟਿੰਗ ਤੇ ਇਹ ਸਪਸਟ ਤੌਰ ਤੇ ਲਿਖਿਆ ਗਿਆ ਸੀ ਕਿ ਆਪ ਵਿਰੁੱਧ ਪੰਜਾਬ ਸਿਵਲ ਸੇਵਾਵਾ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਦੋਸ ਸੂਚੀ ਦਾ ਖਰੜਾ ਸਰਕਾਰ ਨੂੰ ਭੱਤਰ ਨੰ: 8907-08/7ਪ੍ਰਸਾਸਨ/2012, ਮਿਤੀ 19.4.2012 ਰਾਹੀਂ ਭੇਜਿਆ ਗਿਆ ਹੈ । ਇਸ ਸਬੰਧ ਵਿੱਚ ਸਬੰਧਤ ਸਹਾਇਕ ਵੱਲੋਂ ਖਰੜਾ ਵੀ ਲਗਾਇਆ ਗਿਆ ਸੀ ਜਿਸ ਵਿੱਚ ਸਾਫ ਤੌਰ ਤੇ ਇਹ ਤੱਥ ਅੰਕਿਤ ਕੀਤਾ ਗਿਆ ਕਿ ਆਪ ਵਿਰੁੱਧ ਦੋਸ ਸੂਚੀ ਦਾ ਖਰੜਾ ਸਰਕਾਰ ਨੂੰ ਭੇਜਿਆ ਹੋਇਆ ਹੈ, ਪਰੰਤੂ ਆਪ ਵੱਲੋਂ ਜੋ ਪੱਤਰ ਨੰ: 16723, ਮਿਤੀ 21.8.2013 ਮੁੱਖ ਇੰਜੀਨੀਅਰ/ਨਹਿਰਾਂ ਪਾਸੋਂ ਪ੍ਰਵਾਨ ਅਤੇ ਹਸਤਾਖਰ ਕਰਵਾ ਕੇ ਸਰਕਾਰ ਨੂੰ ਭੇਜਿਆ ਗਿਆ, ਉਸ ਵਿੱਚ ਇਹ ਲਿਖਿਆ ਗਿਆ ਕਿ ਆਪ ਵਿਰੁੱਧ ਦੋਸ ਸੂਚੀ (ਨਿਯਮ-8 ਅਧੀਨ) ਦਾ ਖਰੜਾ (ਸ੍ਰੀ ਅਮਰੀਕ ਸਿੰਘ, ਸੀਨੀਅਰ ਸਹਾਇਕ ਜੋ ਕਿ ਲੰਮੇ ਸਮੇਂ ਤੋਂ ਗੈਰਹਾਜਰ ਚੱਲ ਰਿਹਾ ਸੀ, ਜਿਸ ਵਿਰੁੱਧ 29.70 ਲੱਖ ਰੁਪਏ ਦੇ ਗਬਨ ਦਾ ਕੇਸ ਸੀ, ਨੂੰ ਸੇਵਾ ਵਿੱਚ ਜੁਆਇੰਨ ਕਰਵਾਉਂਣ ਲਈ ਕੀਤੀ ਅਣਗਹਿਲੀ ਕਾਰਨ) ਸਰਕਾਰ ਨੂੰ ਭੇਜਿਆ ਗਿਆ ਸੀ । ਇਸ ਕਾਰਨ ਆਪ ਵੱਲੋਂ ਆਪਣੇ ਬਾਰੇ ਤੱਥਾਂ ਨੂੰ ਛੁਪਾਉਂਦੇ ਹੋਏ, ਇਹ ਰਿਪੋਰਟ ਸਰਕਾਰ ਨੂੰ ਭਿਜਵਾਈ ਕਿ ਆਪ ਵਿਰੁੱਧ ਕੋਈ ਕੇਸ ਨਹੀਂ ਚਲਦਾ। ਇਸ ਤਰ੍ਹਾਂ ਆਪ ਵੱਲੋਂ ਅਜਿਹਾ ਕੀਤਾ ਜਾਣਾ ਮੰਦ ਭਾਵਨਾਂ ਦਾ ਪ੍ਰਤੀਕ ਹੈ। ਆਪ ਨੇ ਅਜਿਹਾ ਕਰਕੇ ਆਪ ਵਿੱਚ ਸਰਕਾਰ ਦੇ ਵਿਸਵਾਸ ਨੂੰ ਵਿਸਵਾਸਘਾਤ ਕੀਤਾ ਹੈ ਅਤੇ ਉਚ ਅਧਿਕਾਰੀਆਂ ਨੂੰ ਗੁੰਮਰਾਹ ਕੀਤਾ ਹੈ। ਆਪ ਨੇ ਕਰਤਵ ਨਿਭਾਉਂਣ ਵਿੱਚ ਘੋਰ ਕੁਤਾਹੀ ਕਰਨ ਅਤੇ ਦੁਰਾਚਾਰ ਦਾ ਸਬੂਤ ਦਿੱਤਾ । ਇਸ ਲਈ ਆਪ ਨੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮ 1970 ਦੇ ਨਿ ਯਮ 8 ਅਧੀਨ ਸਜਾ ਦਾ ਭਾਗੀ ਬਣਾ ਲਿਆ ਹੈ।

2. ਜਿਵੇਂ ਕਿ ਉਕਤ ਦੋਸਾਂ ਸਬੰਧੀ ਇਸ ਅਧਿਕਾਰੀ ਵੱਲੋਂ ਸਰਕਾਰ ਨੂੰ ਮਿਤੀ 02.9.2014 ਨੂੰ ਆਪਣਾ ਜਵਾਬ ਪੇਸ ਕੀਤਾ ਗਿਆ, ਜਿਸ ਨੂੰ ਤਸੱਲੀਬਖਸ ਨਾ ਪਾਏ ਜਾਣ ਕਾਰਣ ਸ੍ਰੀ ਅਮਰਜੀਤ ਸਿੰਘ ਕਟਾਰੀ, ਵਧੀਕ ਜਿਲ੍ਹਾ ਅਤੇ ਸੈਸਨ ਜੱਜ (ਰਿਟਾਇਰਡ) ਪੜਤਾਲੀਆ ਅਫਸਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ ।

3. ਜਿਵੇਂ ਕਿ ਪੜਤਾਲੀਆ ਅਫਸਰ ਵੱਲੋਂ ਸਰਕਾਰ ਨੂੰ ਮਿਤੀ 27.1.2015 ਨੂੰ ਪੜਤਾਲ ਰਿਪੋਰਟ ਪੇਸ ਕਰਦੇ ਹੋਏ ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ ਵਿਰੁੱਧ ਲਗਾਏ ਗਏ ਸਮੂਹ ਦੋਸਾਂ ਨੂੰ ਸਿੱਧ ਕੀਤਾ ਗਿਆ ਸੀ।

4. ਜਿਵੇਂ ਕਿ ਇਸ ਅਧਿਕਾਰੀ ਨੂੰ ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਸਬੰਧੀ ਉਨ੍ਹਾਂ ਦਾ ਸਰਕਾਰ ਦੇ ਪੱਤਰ ਨੰ: 5/19/2012-5ਸਿੰ:ਪ੍ਰੋ:2/407278/1, ਮਿਤੀ 5.2.2015 ਰਾਹੀਂ ਸਪਸਟੀਕਰਨ ਮੰਗਿਆ ਸੀ।

5. ਜਿਵੇਂ ਕਿ ਇਸ ਅਧਿਕਾਰੀ ਵੱਲੋਂ ਪੜਤਾਲ ਰਿਪੋਰਟ ਸਬੰਧੀ ਆਪਣਾ ਸਪਸ਼ਟੀਕਰਨ ਸਰਕਾਰ ਨੂੰ ਮਿਤੀ 23.02.2015 ਨੂੰ ਪੇਸ਼ ਕੀਤਾ ਜਿਸ ਨੂੰ ਵਿਚਾਰਨ ਉਪਰੰਤ ਅਤੇ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਆਪਣਾ ਪੱਖ ਰੱਖਣ ਲਈ ਮਿਤੀ 31.3.2015 ਨੂੰ ਨਿੱਜੀ ਤੌਰ ਤੇ ਸੁਣਿਆ ਗਿਆ । ਇਸ ਅਧਿਕਾਰੀ ਨੂੰ ਨਿੱਜੀ ਤੌਰ ਤੇ ਸੁਣਨ ਸਮੇਂ ਇਹ ਸਾਹਮਣੇ ਆਇਆ ਕਿ ਇਸ ਮਾਮਲੇ ਵਿੱਚ ਇਸ ਅਧਿਕਾਰੀ ਦਾ ਕੋਈ ਕਸੂਰ ਨਹੀਂ ਹੈ।

6. ਹੁਣ ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ ਨੂੰ ਜਾਰੀ ਕੀਤੀ ਦੋਸ ਸੂਚੀ, ਉਸ ਵੱਲੋਂ ਦਿੱਤੇ ਗਏ ਜਵਾਬ, ਪੜਤਾਲ ਰਿਪੋਰਟ, ਉਸ ਵੱਲੋਂ ਨਿੱਜੀ ਸੁਣਵਾਈ ਸਮੇਂ ਮਾਨਯੋਗ ਸਕੱਤਰ ਸਿੰਚਾਈ ਜੀ ਦੇ ਸਨਮੁੱਖ ਪੇਸ ਕੀਤੀ ਸ਼ਹਾਦਤ ਅਤੇ ਕੇਸ ਤੇ ਆਏ ਸਾਰੇ ਤੱਥਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਜਾਰੀ ਕੀਤੀ ਦੋਸ ਸੂਚੀ ਨੂੰ ਠੱਪ ਕੀਤਾ ਜਾਂਦਾ ਹੈ।

ਮਿਤੀ,ਚੰਡੀਗੜ੍ਹ:
29-4-2015

ਕਾਹਨ ਸਿੰਘ ਪੰਨੂ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਪਿੱਠ ਅੰਕਣ ਨੰ:5/19/2012-5ਸਿੰ:ਪ੍ਰੋ:2/47681/3 ਮਿਤੀ,ਚੰਡੀਗੜ੍ਹ: 5/5/2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ, ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਕੰਪਿਊਟਰ ਸੈਲ

ਅਧੀਨ ਸਕੱਤਰ ਸਿੰਚਾਈ
5/5/15

ਅੰਦਰੂਨੀ ਵੰਡ:
1) ਨਿੱ: ਸ:/ਮਾਨਯੋਗ ਸਿੰਚਾਈ ਸਿੰਚਾਈ ਮੰਤਰੀ ਜੀ;
2) ਨਿੱ:ਸ/ਮਾਨਯੋਗ ਸਕੱਤਰ ਸਿੰਚਾਈ ਜੀ;
3) ਸ.ਸ.ਸ./ਅ.ਸ.ਸਿੰ.(ਜ)
4) ਸ.ਸ.ਸ./ਅ.ਸ.ਸਿੰ.(ਹ)
5) ਸੁਪਰਡੰਟ, ਸਿੰਚਾਈ ਪ੍ਰਸੋਨਲ-1, 3, ਸਿੰਚਾਈ ਪ੍ਰੋਜੈਕਟ ਅਤੇ ਸਿੰਚਾਈ ਕਾਰਜ ਸਾਖਾਵਾਂ।

3023
-6 MAY 2015